Alberta

ਨਿਊਜ਼ ਰਿਲੀਜ਼

# ਪਰਿਵਾਰਕ ਸਮਾਧਾਨ ਸੇਵਾਵਾਂ ਲਈ $5-ਮਿਲੀਅਨ ਦਾ ਵਿਸਤਾਰ

29 ਮਾਰਚ, 2023

## ਪਰਿਵਾਰਕ ਝਗੜਿਆਂ ਨੂੰ ਸੁਲਝਾਉਣ ਵਿੱਚ ਵਧੇਰੇ ਅਲਬਰਟਾ ਵਾਸੀਆਂ ਦੀ ਮਦਦ ਕਰਨ ਲਈ ਅਲਬਰਟਾ 20 ਤੋਂ ਵੱਧ ਸਾਲਾਂ ਵਿੱਚ ਪਹਿਲੀ ਵਾਰ ਪਰਿਵਾਰਕ ਵਿਚੋਲਗੀ ਸੇਵਾਵਾਂ ਲਈ ਆਮਦਨੀ ਸੀਮਾ ਵਧਾ ਰਿਹਾ ਹੈ।

ਪਰਿਵਾਰਕ ਵਿਚੋਲਗੀ ਪ੍ਰੋਗਰਾਮ, ਵੱਖ ਹੋ ਰਹੇ ਜਾਂ ਤਲਾਕ ਲੈ ਰਹੇ ਘੱਟ ਆਮਦਨੀ ਵਾਲੇ ਮਾਪਿਆਂ ਨੂੰ ਅਦਾਲਤਾਂ ਤੋਂ ਬਾਹਰ ਪਾਲਣ-ਪੋਸ਼ਣ ਦੇ ਮੁੱਦਿਆਂ ਨੂੰ ਹੱਲ ਕਰਨ ਅਤੇ ਪਾਲਣ-ਪੋਸ਼ਣ ਦੀਆਂ ਯੋਜਨਾਵਾਂ ਬਣਾਉਣ ਦੀ ਸਹੂਲਤ ਦਿੰਦਾ ਹੈ। ਰਹਿਣ-ਸਹਿਣ ਦੀ ਵੱਧ ਰਹੀ ਲਾਗਤ ਦੀ ਭਰਪਾਈ ਲਈ ਅਤੇ ਪ੍ਰੋਗਰਾਮ ਨੂੰ ਅਲਬਰਟਾ ਵਾਸੀਆਂ ਲਈ ਵਧੇਰੇ ਪਹੁੰਚਯੋਗ ਬਣਾਉਣ ਲਈ, ਪ੍ਰੋਗਰਾਮ ਲਈ ਆਮਦਨ ਸੰਬੰਧੀ ਯੋਗਤਾ ਸੀਮਾ 1 ਮਾਰਚ ਨੂੰ $40,000 ਤੋਂ ਵਧਾ ਕੇ $60,000 ਕਰ ਦਿੱਤੀ ਗਈ ਹੈ।

ਪਰਿਵਾਰਕ ਵਿਚੋਲਗੀ ਪ੍ਰੋਗਰਾਮ ਉਨ੍ਹਾਂ ਬਹੁਤ ਸਾਰੀਆਂ ਪਰਿਵਾਰਕ ਸਮਾਧਾਨ ਸੇਵਾਵਾਂ ਵਿੱਚੋਂ ਇੱਕ ਹੈ ਜਿਨ੍ਹਾਂ ਨੂੰ ਅਲਬਰਟਾ ਵਾਸੀ ਵਰਤ ਸਕਦੇ ਹਨ। 2023 ਦਾ ਬਜਟ ਪਰਿਵਾਰਕ ਸਮਾਧਾਨ ਸੇਵਾਵਾਂ, ਜਿਵੇਂ ਕਿ ਅਦਾਲਤ ਜਾਣ ਤੋਂ ਪਹਿਲਾਂ ਦੇ ਮੁਲਾਂਕਣ, ਵਿਚੋਲਗੀ, ਪਰਿਵਾਰਕ ਅਦਾਲਤ ਦੇ ਸਲਾਹਕਾਰ ਅਤੇ ਪਾਲਣ-ਪੋਸ਼ਣ ਸੰਬੰਧੀ ਦਖਲਅੰਦਾਜ਼ੀ ਪ੍ਰੋਗਰਾਮ, ਨੂੰ ਵਧਾਉਣ ਲਈ $5 ਮਿਲੀਅਨ ਪ੍ਰਦਾਨ ਕਰ ਰਿਹਾ ਹੈ। ਇਹ ਸੇਵਾਵਾਂ ਪਰਿਵਾਰਕ ਕਾਨੂੰਨੀ ਮਾਮਲਿਆਂ ਤੋਂ ਪੈਦਾ ਹੋਏ ਭਾਵਨਾਤਮਕ ਤਣਾਅ ਦਾ ਸਾਹਮਣਾ ਕਰ ਰਹੇ ਬਹੁਤ ਸਾਰੇ ਲੋਕਾਂ ਲਈ ਇੱਕ ਫਰਕ ਲਿਆਉਂਦੀਆਂ ਹਨ ਅਤੇ ਪਰਿਵਾਰਾਂ ਨੂੰ ਅਦਾਲਤਾਂ ਤੋਂ ਬਾਹਰ ਵਿਵਾਦਾਂ ਨੂੰ ਹੱਲ ਕਰਨ ਦੀ ਸਹੂਲਤ ਦੇ ਕੇ ਨਿਆਂ ਪ੍ਰਣਾਲੀ ਦੇ ਬੈਕਲਾਗ ਨੂੰ ਘਟਾਉਣ ਵਿੱਚ ਮਦਦ ਕਰਦੀਆਂ ਹਨ।

"20 ਸਾਲਾਂ ਵਿੱਚ ਪਹਿਲੀ ਵਾਰ ਪਰਿਵਾਰਕ ਵਿਚੋਲਗੀ ਪ੍ਰੋਗਰਾਮ ਲਈ ਆਮਦਨ ਸੰਬੰਧੀ ਯੋਗਤਾ ਸੀਮਾ ਨੂੰ ਬਦਲਣ ਨਾਲ ਕਰਦਾਤਾਵਾਂ 'ਤੇ ਪੈਣ ਵਾਲੀ ਲਾਗਤ ਘਟੇਗੀ, ਅਦਾਲਤੀ ਬੈਕਲਾਗ ਘਟਣਗੇ, ਅਤੇ ਸਭ ਤੋਂ ਮਹੱਤਵਪੂਰਨ ਤੌਰ 'ਤੇ, ਵਧੇਰੇ ਅਲਬਰਟਾ ਵਾਸੀਆਂ ਨੂੰ ਅਜਿਹੇ ਪ੍ਰੋਗਰਾਮ ਤੱਕ ਪਹੁੰਚਣ ਦੀ ਸਹੂਲਤ ਮਿਲੇਗੀ ਜੋ ਪਰਿਵਾਰਕ ਝਗੜਿਆਂ ਨੂੰ ਸੁਲਝਾਉਣ ਦੇ ਤਣਾਅ ਨੂੰ ਘਟਾਉਂਦਾ ਹੈ।"

*ਟਾਈਲਰ ਸ਼ੈਂਡਰੋ, ਨਿਆਂ ਮੰਤਰੀ ਅਤੇ ਅਟਾਰਨੀ ਜਨਰਲ*

2023 ਦਾ ਬਜਟ ਲੋਕਾਂ ਦੀਆਂ ਲੋੜਾਂ ਨੂੰ ਪੂਰਾ ਕਰਨ ਲਈ ਸਿਹਤ-ਸੰਭਾਲ ਪ੍ਰਣਾਲੀ ਨੂੰ ਬਦਲ ਕੇ, ਅਲਬਰਟਾ ਵਾਸੀਆਂ ਨੂੰ ਜੀਵਨ ਨਿਰਵਾਹ ਦੀ ਉੱਚ ਲਾਗਤ ਲਈ ਸਮਰਥਨ ਦੇ ਕੇ, ਸਾਡੇ ਭਾਈਚਾਰਿਆਂ ਨੂੰ ਸੁਰੱਖਿਅਤ ਰੱਖ ਕੇ ਅਤੇ ਵਧੇਰੇ ਨੌਕਰੀਆਂ, ਗੁਣਵੱਤਾ ਵਾਲੀ ਸਿੱਖਿਆ ਅਤੇ ਨਿਰੰਤਰ ਵਿਭਿੰਨਤਾ ਨਾਲ ਆਰਥਿਕਤਾ ਨੂੰ ਚਲਾ ਕੇ ਅਲਬਰਟਾ ਦੇ ਭਵਿੱਖ ਨੂੰ ਸੁਰੱਖਿਅਤ ਕਰਦਾ ਹੈ।

## ਫੌਰੀ ਤੱਥ

- ਪਾਲਣ-ਪੋਸ਼ਣ ਦੇ ਵਿਵਾਦਾਂ ਨੂੰ ਵਿਚੋਲਗੀ ਨਾਲ ਹੱਲ ਕਰਨ ਦੇ ਨਤੀਜਤਨ ਲਾਗਤ ਵਿੱਚ ਵੱਡੀ ਬੱਚਤ ਹੁੰਦੀ ਹੈ। ਪਾਲਣ-ਪੋਸ਼ਣ ਦੇ ਵਿਵਾਦ ਲਈ ਅਦਾਲਤੀ ਸਟਾਫ਼ ਦੀ ਔਸਤ ਲਾਗਤ $2,731 ਹੈ ਜਦੋਂ ਕਿ ਇਸਦੀ ਤੁਲਨਾ ਵਿਚ ਪਰਿਵਾਰਕ ਵਿਚੋਲਗੀ ਸੇਵਾਵਾਂ ਲਈ ਲਾਗਤ $641 ਹੈ, ਇਸਦੇ ਨਤੀਜੇ ਵਜੋਂ ਪ੍ਰਤੀ ਵਿਵਾਦ $1,730 ਦੀ ਬੱਚਤ ਹੁੰਦੀ ਹੈ।
- 2015 ਤੋਂ 2020 ਤੱਕ, ਪ੍ਰਤੀ ਸਾਲ ਪੂਰੇ ਕੀਤੇ ਗਏ ਵਿਚੋਲਗੀ ਮਾਮਲਿਆਂ ਦੀ ਔਸਤ ਸੰਖਿਆ 1,073 ਸੀ।
- ਸਥਾਨ 'ਤੇ ਨਿਰਭਰ ਕਰਦੇ ਹੋਏ ਵਿਚੋਲਗੀ ਮਾਮਲੇ ਲਈ ਮੌਜੂਦਾ ਉਡੀਕ ਸਮਾਂ ਇਕ ਤੋਂ ਤਿੰਨ ਹਫ਼ਤੇ ਹੈ।
- 85 ਪ੍ਰਤੀਸ਼ਤ ਤੋਂ ਵੱਧ ਵਿਚੋਲਗੀ ਸੈਸ਼ਨਾਂ ਵਿੱਚ ਇੱਕ ਹੱਲ ਪ੍ਰਾਪਤ ਹੁੰਦਾ ਹੈ ਅਤੇ 90 ਪ੍ਰਤੀਸ਼ਤ ਤੋਂ ਵੱਧ ਅਲਬਰਟਾ ਵਾਸੀ ਸੇਵਾ ਤੋਂ ਸੰਤੁਸ਼ਟ ਹੋਣ ਬਾਰੇ ਦੱਸਦੇ ਹਨ।
- ਪਰਿਵਾਰਕ ਵਿਚੋਲਗੀ ਪ੍ਰੋਗਰਾਮ ਪੂਰੇ ਸੂਬੇ ਵਿਚ ਉਪਲਬਧ ਹੈ।
- ਇਸ ਤਬਦੀਲੀ ਨੂੰ ਅਲਬਰਟਾ ਦੀ ਸੂਬਾਈ ਅਦਾਲਤ (Provincial Court of Alberta) ਅਤੇ ਕੋਰਟ ਆਫ਼ ਕਿੰਗਜ਼ ਬੈਂਚ (Court of King's Bench) ਨਿਆਂਪਾਲਿਕਾ ਤੋਂ ਸਮਰਥਨ ਪ੍ਰਾਪਤ ਹੈ।

## ਸੰਬੰਧਿਤ ਜਾਣਕਾਰੀ

- ਪਰਿਵਾਰਕ ਵਿਚੋਲਗੀ

- ਫੈਮਿਲੀ ਡਾਕੇਟ ਕੋਰਟ

## ਮੀਡੀਆ ਪੁੱਛਗਿੱਛ


### ਏਥਨ ਲੇਕਾਵਲੀਅਰ-ਕਿਡਨੀ (Ethan Lecavalier-Kidney)

587-991-7431
ਪ੍ਰੈਸ ਸੈਕ੍ਰੇਟਰੀ, ਜਸਟਿਸ